# ਜ਼ਿੰਦਗੀ ਨੂੰ ਭਰਪੂਰ ਜੀ ਕੇ ਜਾਣ ਵਾਲੇ ਦੀ ਯਾਦ ਵਿਚ

ਸੁਕੀਰਤ

ਅੱਧੀ ਰਾਤ ਵੇਲੇ ਮੋਬਾਈਲ ਉੱਤੇ ਸੁਨੇਹਾ ਆਉਣ ਦੀ ਟੂੰਅ ਹੋਈ। ਗੁਰਸ਼ਰਨ ਸਿੰਘ ਜੀ ਦੇ ਵੱਡੇ ਭਰਾ ਡਾ. ਇੰਦਰਜੀਤ ਸਿੰਘ ਦੀ ਬੇਟੀ ਅਤੇ ਮੇਰੀ ਦੋਸਤ ਨੀਲੂ ਦਾ ਇਕ-ਸਤਰਾ ਸੁਨੇਹਾ ਸੀ, "ਘੰਟਾ ਕੁ ਹੋਇਆ ਚਾਚਾ ਜੀ ਗੁਜ਼ਰ ਗਏ ਹਨ"। ਕਦੋਂ ਦਾ ਬੇਆਰਾਮੀ ਜਿਹੀ ਵਿਚ ਸੌਣ ਦੀ ਕੋਸ਼ਿਸ਼ ਕਰਦਾ ਹੋਇਆ ਮੈਂ ਪਲਸੇਟੇ ਮਾਰ ਰਿਹਾ ਸਾਂ, ਹੁਣ ਨੀਂਦ ਬਿਲਕੁੱਲ ਹੀ ਉੱਡ ਗਈ।

ਇਹ ਗੱਲ ਨਹੀਂ ਕਿ ਮੈਨੂੰ ਕੋਈ ਧੱਕਾ ਲੱਗਾ, ਜਾਂ ਗੁਰਸ਼ਰਨ ਸਿੰਘ ਜੀ ਦੇ ਤੁਰ ਜਾਣ ਦੀ ਖ਼ਬਰ ਕਿਸੇ ਚਾਣਚੱਕ ਹੋਣ ਵਾਲੇ ਸਦਮੇ ਵਾਂਗ ਨਾਜ਼ਲ ਹੋਈ। ਕਈ ਮਹੀਨਿਆਂ ਤੋਂ ਉਨ੍ਹਾਂ ਦੀ ਨਿੱਘਰਦੀ ਜਾਂਦੀ ਸਿਹਤ ਬਾਰੇ ਪਤਾ ਵੀ ਸੀ ਅਤੇ ਉਨ੍ਹਾਂ ਦੇ ਤੁਰ ਜਾਣ ਦਾ ਖਦਸ਼ਾ ਵੀ। ਡੂੰਘੀ ਰਾਤ ਹੋਣ ਦੇ ਬਾਵਜੂਦ ਮੈਂ ਨੀਲੂ ਨੂੰ ਮੋੜਵਾਂ ਫੋਨ ਕੀਤਾ; ਉਸ ਦੇ ਚਾਚਾ ਜੀ, ਅਤੇ ਸਾਰੇ ਪੰਜਾਬ ਦੇ ਭਾਅ ਜੀ ਦੀ ਮੌਤ ਦਾ ਰਸਮੀ ਅਫ਼ਸੋਸ ਕਰਨ ਲਈ ਨਹੀਂ, ਉਸ ਮਹਾਂ-ਮਨੁੱਖ ਦੀ ਜ਼ਿੰਦਗੀ ਬਾਰੇ ਗੱਲਾਂ ਕਰਨ ਲਈ। ਰਾਤ ਦੇ ਉਸ ਉਨੀਂਦਰੇ ਪਹਿਰ ਅਸੀਂ ਦੋਵੇਂ ਅੱਧਾ ਘੰਟਾ ਉਨ੍ਹਾਂ ਦੀਆਂ ਗੱਲਾਂ ਕਰਦੇ ਰਹੇ; ਉਨ੍ਹਾਂ ਦੀ ਜ਼ਿੰਦਗੀ ਬਾਰੇ, ਉਨ੍ਹਾਂ ਦੀਆਂ ਆਖਰੀ ਘੜੀਆਂ ਬਾਰੇ। ਨੀਲੂ ਨੇ ਮੈਨੂੰ ਦੱਸਿਆ ਕਿ ਭਾਵੇਂ ਦੋ ਕੁ ਦਿਨਾਂ ਤੋਂ ਡਾਕਟਰਾਂ ਮੁਤਾਬਕ ਉਨ੍ਹਾਂ ਦੀ ਸਰੀਰਕ ਸਿਹਤ ਬਹੁਤ ਵਿਗੜ ਚੁੱਕੀ ਸੀ, ਅਤੇ ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ ਸੀ, ਗੁਰਸ਼ਰਨ ਸਿੰਘ ਜੀ ਆਪ ਬੜੇ ਨਰੋਏ ਮਾਨਸਕ ਰੌਂ ਵਿਚ ਸਨ। ਉਨ੍ਹਾਂ ਦੀ ਵੱਡੀ ਬੇਟੀ ਨਵਸ਼ਰਨ ਅਤੇ ਉਸ ਦਾ ਪਤੀ ਵੀ ਉਨ੍ਹਾਂ ਨੂੰ ਮਿਲਣ ਦਿੱਲੀਓਂ ਚੰਡੀਗੜ੍ਹ ਪਹੁੰਚ ਗਏ ਸਨ। ਪਗੜੀ ਬੰਨ੍ਹੀ, ਪੂਰੀ ਫੱਬਤ ਨਾਲ ਲੇਟੇ ਹੋਏ ਗੁਰਸ਼ਰਨ ਸਿੰਘ ਜੀ ਦਾ ਜੁਮਲਾ ਸੀ, "ਮੈਨੂੰ ਤਾਂ ਕੁਝ ਨਹੀਂ ਹੋਇਆ, ਤੁਹਾਨੂੰ ਸਾਰਿਆਂ ਨੂੰ ਹੀ ਕੁਝ ਹੋ ਗਿਆ ਜਾਪਦਾ ਹੈ ਜੋ ਇੰਝ 'ਕੱਠੇ ਹੋ ਗਏ ਹੋ...", ਤੇ ਹੱਸ ਪਏ। ਕੁਝ ਚਿਰ ਹੋਰ, ਤੇ ਫੇਰ ਉਨ੍ਹਾਂ ਨੇ ਪਾਣੀ ਪੀਤਾ, ਇਕ ਹਿਚਕੀ ਆਈ....ਤੇ ਨਾਲ ਹੀ ਚਲੇ ਗਏ। ਹੱਸਦੇ-ਹੱਸਦੇ, ਆਪਣੇ ਨਿੱਕੜੇ ਕਿਹੇ ਪਰਵਾਰ ਦੇ ਮੈਂਬਰਾਂ ਦੇ ਨਿੱਘ ਵਿਚ ਵਲਿੱਸੇ, ਉਨ੍ਹਾਂ ਨਾਲ ਗੱਲਾਂ-ਬਾਤਾਂ ਕਰਦਿਆਂ।

ਤੇ ਇੰਞ ਅਜੋਕੇ ਪੰਜਾਬ ਦੇ ਇਤਿਹਾਸਕ ਮੰਚ ਦਾ ਇਕ ਅਹਿਮ ਪਾਤਰ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਿਆ।

ਸੋਚਦਾ ਹਾਂ, ਮੌਤ ਵਰਗੀ ਅਟੱਲ ਹੋਣੀ ਨਾਲ ਸਿੱਝਣ ਲਈ ਲੋਕਾਈ ਨੇ ਆਪੋ-ਆਪਣੇ ਢੰਗ ਅਪਣਾਏ ਹੋਏ ਹਨ। ਕੋਈ ਦੁਹੱਥੜ ਮਾਰ-ਮਾਰ ਕੇ ਆਪਣੇ ਪਿੰਡੇ ਨੂੰ ਨੀਲਾ ਕਰ ਲੈਂਦਾ ਹੈ, ਕੋਈ ਆਪਣੇ ਸਦਮੇ ਨੂੰ ਵੈਣਾਂ ਵਿਚ ਡੋਬਣ ਦੀ ਕੋਸ਼ਿਸ਼ ਕਰਦਾ ਹੈ; ਤੇ ਜਾਂ ਫੇਰ ਫੂਹੜੀਆਂ 'ਤੇ ਬੈਠੇ ਆਮ ਲੋਕਾਂ ਵਿਚਕਾਰ ਹੁੰਦੀਆਂ ਗੱਲਾਂ ਤੋਂ ਲੈ ਕੇ ਸ਼ਰਧਾਂਜਲੀ

ਸਮਾਗਮਾਂ ਵਿਚ ਦਿੱਤੇ ਜਾਣ ਵਾਲੇ ਭਾਸ਼ਣਾਂ ਤੱਕ ਸਾਂਝਾ ਸੂਤਰ ਇਹ ਹੁੰਦਾ ਹੈ ਕਿ ਤੁਰ ਗਏ ਨੂੰ ਚਿਤਾਰ ਕੇ ਉਸ ਦੇ ਹੁਣ ਨਾ ਹੋਣ ਦੀ ਸਚਾਈ ਨੂੰ ਸਵੀਕਾਰਨ ਦੇ ਉਪਰਾਲੇ ਕੀਤੇ ਜਾਂਦੇ ਹਨ।

ਸੋ, ਉਨ੍ਹਾਂ ਦੇ ਤੁਰ ਜਾਣ ਮਗਰੋਂ ਗੱਲਾਂ ਭਾਅ ਜੀ ਗੁਰਸ਼ਰਨ ਸਿੰਘ ਉਰਫ਼ ਗੁਰਸ਼ਰਨ ਸਿੰਘ ਚਾਚਾ ਜੀ ਦੀਆਂ....

ਉਨ੍ਹਾਂ ਨੂੰ ਮੈਂ 'ਚਾਚਾ ਜੀ' ਕਿਉਂ ਕਹਿੰਦਾ ਸਾਂ? ਨਹੀਂ, ਇਸ ਲਈ ਨਹੀਂ ਕਿ ਉਹ ਉਮਰ ਵਿਚ ਮੇਰੇ ਪਿਤਾ ਨਾਲੋਂ ਕਿਤੇ ਛੋਟੇ ਸਨ। ਸਗੋਂ ਇਸ ਲਈ ਕਿ ਉਹ ਉਮਰ ਵਿਚ ਨਵਤੇਜ ਸਿੰਘ ਤੋਂ ਛੋਟੇ ਸਨ ਅਤੇ ਇਸ ਕਾਰਨ ਉਨ੍ਹਾਂ ਦੇ ਪੁੱਤਰਾਂ ਲਈ ਉਹ ਚਾਚਾ ਜੀ ਸਨ। ਆਪਣੇ ਮਾਮੇ-ਪੁੱਤ ਭਰਾਵਾਂ ਦੀ ਰੀਸੇ ਹੀ ਮੈਂ ਉਨ੍ਹਾਂ ਨੂੰ ਚਾਚਾ ਜੀ ਕਹਿਣਾ ਸ਼ੁਰੂ ਕੀਤਾ ਹੋਵੇਗਾ।

ਮੇਰੀ ਸੋਝੀ ਵਿਚਲਾ ਗੁਰਸ਼ਰਨ ਚਾਚਾ ਜੀ ਦਾ ਪਹਿਲਾ ਬਿੰਬ ਪ੍ਰੀਤਨਗਰ ਅਤੇ ਪ੍ਰੀਤ ਮਿਲਣੀਆਂ ਨਾਲ ਹੀ ਜੁੜਿਆ ਹੋਇਆ ਹੈ। ਸੱਠਵਿਆਂ ਦੇ ਦੂਜੇ ਅੱਧ ਵਿਚ, ਜਦੋਂ ਮੈਂ ਅਜੇ ਸਕੂਲੀ ਬਾਲ ਸਾਂ, ਅਸੀਂ ਸਾਰੇ ਭਰਾਵਾਂ ਨੇ ਅੰਮ੍ਰਿਤਸਰ ਹੋਈ ਪ੍ਰੀਤ ਮਿਲਣੀ ਸਮੇਂ ਉਨ੍ਹਾਂ ਦਾ 'ਭਾਈ ਮੰਨਾ ਸਿੰਘ' ਪਹਿਲੀ ਵਾਰ ਦੇਖਿਆ ਸੀ। ਇਸ ਭਾਈ ਮੰਨਾ ਸਿੰਘ ਦੇ ਕਿਰਦਾਰ ਜਾਂ ਉਸ ਦੇ ਮੰਤਵ ਬਾਰੇ ਅਜੇ ਕੋਈ ਸਮਝ ਨਹੀਂ ਸੀ, ਪਰ ਉਸ ਨੂੰ ਸਟੇਜ ਉੱਤੇ ਸਾਕਾਰ ਕਰਨ ਵਾਲੇ ਗੁਰਸ਼ਰਨ ਸਿੰਘ ਚਾਚਾ ਜੀ ਦੀ, ਜਜ਼ਬਾਤੀ ਸੁਰਾਂ ਉੱਤੇ ਥਿਰਕਦੀ ਆਵਾਜ਼ (ਜੋ ਬਾਅਦ ਵਿਚ ਇਕ ਕਿਸਮ ਨਾਲ ਉਨ੍ਹਾਂ ਦਾ ਟ੍ਰੇਡ-ਮਾਰਕ ਹੀ ਬਣ ਗਈ) ਅਤੇ ਕੰਬਦੀਆਂ ਮੁਦਰਾਵਾਂ ਸਾਨੂੰ ਬਹੁਤ ਸੁਆਦਲੀਆਂ ਜਾਪਦੀਆਂ। ਏਨੀਆਂ ਕਿ ਅਸੀਂ ਉਨ੍ਹਾਂ ਦੀ ਸਾਂਗ ਲਾਉਣ ਨੂੰ ਆਪਣੀ ਖੇਡ ਹੀ ਬਣਾ ਲਿਆ। ਸ਼ੰਮੀ (ਸੁਮੀਤ ਸਿੰਘ ਪ੍ਰੀਤਲੜੀ) ਅਤੇ ਮੇਰੇ ਵਿਚਕਾਰ ਕੁਝ ਇਹੋ ਜਿਹਾ ਮਨੋਰੰਜਕ ਵਾਰਤਾਲਾਪ ਹੁੰਦਾ ਸੀ, "ਭਾਈਈਈ....ਮੰਨਾ ਸਿੰਘ, ਧਿਆਨ ਨਾਲ ਦੇਖ, ਤੇਰਾ ਤਾਂ ਕੱਛਾ ਪਾਟਾ ਹੋਇਆ ਹੈ, ਜਾਂ 'ਭਾਈਈਈ...ਮੰਨਾ ਸਿੰਘ, ਏਨੇ ਅੰਬ ਚੂਪੇਂਗਾ ਤਾਂ ਦਸਤ ਲੱਗ ਜਾਣਗੇ...ਫੇਰ ਨਾ ਕਹੀਂ, ਪਹਿਲੋਂ ਨਈਂ ਸੀ ਦੱਸਿਆ', ਜਾਂ ਇਹੋ ਜਿਹੀ ਹੀ ਕੋਈ ਹੋਰ ਬੇ-ਸਿਰ-ਪੈਰ ਗੱਲ ਜਿਸ ਵਿਚ ਮੁੱਖ ਇਹ ਹੁੰਦੀ ਸੀ ਕੌਣ ਆਪਣੀ ਆਵਾਜ਼ ਨੂੰ ਵਧੇਰੇ ਥਿਰਕਵੀਂ ਬਣਾ ਕੇ, ਜਾਂ ਆਪਣੀ ਉੱਲਰੀ ਹੋਈ ਬਾਂਹ ਨੂੰ ਹੋਰ ਵੱਧ ਕੰਬਾਅ-ਹਿਲਾ ਕੇ ਗੁਰਸ਼ਰਨ ਚਾਚਾ ਜੀ ਦੀ ਐਕਟਿੰਗ ਨੂੰ ਮਾਤ ਪਾ ਸਕਦਾ ਹੈ।

ਅਸੀਂ ਵੱਡੇ ਹੋ ਰਹੇ ਸਾਂ, 'ਭਾਈ ਮੰਨਾ ਸਿੰਘ' ਹੁਣ ਪ੍ਰੀਤਲੜੀ ਵਿਚ ਛਪਣ ਵੀ ਲੱਗ ਪਿਆ ਸੀ ਅਤੇ ਉਸ ਦੀਆਂ ਕੰਬਦੀਆਂ ਮੁਦਰਾਵਾਂ ਅਤੇ ਥਿਰਕਵੀਂ ਆਵਾਜ਼ ਵਿਚਲੇ ਸਮਾਜਕ ਸਰੋਕਾਰਾਂ ਦੀ ਸਮਝ ਵੀ ਪੈਣੀ ਸ਼ੁਰੂ ਹੋ ਗਈ ਸੀ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਡਰਾਮੇ ਹੁਣ ਉਡੀਕੇ ਅਤੇ ਚਾਅ ਨਾਲ ਦੇਖੇ ਜਾਂਦੇ ਸਨ।

ਫੇਰ ਆਇਆ ਸੱਤਰਵਿਆਂ ਦਾ ਦੌਰ....ਜਦੋਂ ਇਕ ਵਾਰੀ ਪੜ੍ਹਨ ਜਾਣ ਲਈ ਵਤਨ ਕੀ ਛੱਡਿਆ, ਇਸ ਤੋਂ ਅਗਲੇ ਤਿੰਨ ਦਹਾਕੇ ਮੈਂ ਪੰਜਾਬ ਤੋਂ ਬਾਹਰ ਹੀ ਰਿਹਾ। ਇਸ ਦੌਰਾਨ ਗੁਰਸ਼ਰਨ ਸਿੰਘ ਚਾਚਾ ਜੀ ਨਾਲ ਮੁਲਾਕਾਤਾਂ ਤਾਂ ਬਹੁਤ ਉੱਘੜ-ਦੁੱਘੜੀਆਂ ਅਤੇ ਵਿਰਲੀਆਂ-ਟਾਂਵੀਆਂ ਹੋਈਆਂ, ਪਰ ਉਨ੍ਹਾਂ ਦੀ ਨਿੱਜੀ ਅਤੇ ਸਮਾਜਕ ਜ਼ਿੰਦਗੀ ਨਾਲ

ਰਾਬਤਾ ਕਦੇ ਨਾ ਟੁੱਟਾ। ਕੁਝ ਤਾਂ ਉਨ੍ਹਾਂ ਦੀ ਭਤੀਜੀ ਨੀਲੂ ਨਾਲ ਡੂੰਘੀ ਦੋਸਤੀ ਕਾਰਨ, ਅਤੇ ਕੁਝ ਇਸ ਲਈ ਕਿ ਪਿਛਲੇ ਚਾਰ ਦਹਾਕਿਆਂ ਦੇ ਸਮੇਂ ਵਿਚ ਉਹ ਕਿਹੜਾ ਖੱਬੇ-ਪੱਖੀ ਪੰਜਾਬੀ ਹੋਵੇਗਾ ਜਿਹੜਾ ਗੁਰਸ਼ਰਨ ਸਿੰਘ ਦੀ ਲਗਾਤਾਰ ਦੇਣ ਅਤੇ ਸਮਰੱਥਾ ਨਾਲ ਵਾਕਫ਼ ਨਾ ਰਿਹਾ ਹੋਵੇ ?

ਨੱਬੇਵਿਆਂ ਵਿਚ ਮੈਂ ਵਾਪਸ ਭਾਰਤ ਆ ਕੇ ਦਿੱਲੀ ਰਹਿਣਾ ਸ਼ੁਰੂ ਕੀਤਾ। ਇਸ ਦੌਰਾਨ ਗੁਰਸ਼ਰਨ ਸਿੰਘ ਕੋਲੋਂ ਗੁੜ੍ਹਤੀ ਲੈ ਕੇ ਨਾਟ ਮੰਚ 'ਤੇ ਪੈਰ ਧਰਨ ਵਾਲੇ ਕਲਾਕਾਰ ਸਾਰੇ ਪੰਜਾਬ ਵਿਚ ਫੈਲ ਚੁੱਕੇ ਸਨ। ਉਨ੍ਹਾਂ ਦੀਆਂ ਪਾਈਆਂ ਪੈੜਾਂ 'ਤੇ ਕਦਮ ਧਰ ਕੇ ਤੁਰਨਾ ਸਿੱਖਣ ਵਾਲੇ ਕੇਵਲ ਧਾਲੀਵਾਲ, ਸਾਹਿਬ ਸਿੰਘ ਵਰਗੇ ਲੋਕ ਹੁਣ ਪੱਕੇ ਪੈਰੀਂ ਹੋ ਕੇ ਆਪਣੇ ਲਈ ਨਵੇਂ ਰਾਹ ਸਿਰਜ ਰਹੇ ਸਨ; ਪੰਜਾਬੀ ਰੰਗਮੰਚ ਨੂੰ ਬਦਲ ਰਹੇ ਸਮੇਂ ਅਤੇ ਦਰਸ਼ਕਾਂ ਦੀਆਂ ਮੰਗਾਂ ਮੁਤਾਬਕ ਨਵਿਆ ਰਹੇ ਸਨ, ਵੱਖਰੇ ਤਜਰਬੇ ਕਰ ਰਹੇ ਸਨ। ਪੰਜਾਬੀ ਰੰਗਮੰਚ ਦਾ ਵਿਹੜਾ ਮੋਕਲਾ ਹੋ ਰਿਹਾ ਸੀ ਅਤੇ ਮੁਹਾਂਦਰਾ ਆਧੁਨਿਕ। ਪਰ ਆਪਣੀ ਵਧ ਰਹੀ ਉਮਰ ਅਤੇ ਬੀਮਾਰੀ ਦੀ ਕੋਈ ਪਰਵਾਹ ਕੀਤੇ ਬਿਨਾਂ ਗੁਰਸ਼ਰਨ ਸਿੰਘ ਜੀ ਪਹਿਲਾਂ ਵਾਂਗ ਹੀ ਮਸ਼ਰੂਫ਼ ਸਨ; ਪਿੰਡ-ਪਿੰਡ ਜਾ ਕੇ ਅਜੇ ਵੀ ਨਾਟਕ ਖੇਡਦੇ ਸਨ। ਜਿਸ ਮਨੁੱਖ ਨੇ ਅੱਤਵਾਦ ਦੇ ਦੌਰ ਵਿਚ ਘਾਤ ਲਾ ਕੇ ਬੈਠੇ ਕਾਤਲਾਂ ਦੀਆਂ ਤਣੀਆਂ ਬੰਦੂਕਾਂ ਦੀ ਪਰਵਾਹ ਨਾ ਕੀਤੀ, ਉਸ ਨੇ ਆਪਣੀ ਡਿੱਗਦੀ ਜਾਂਦੀ ਸਿਹਤ ਦੀ ਕੀ ਪਰਵਾਹ ਕਰਨੀ ਸੀ!

ਦਿੱਲੀ ਬੈਠਿਆਂ, ਪੰਜਾਬੀ ਅਕਾਦਮੀ ਵੱਲੋਂ ਵਿਉਂਤੇ ਜਾਂਦੇ ਨਾਟ ਮੇਲਿਆਂ ਨੂੰ ਦੇਖਦਿਆਂ, ਜਾਂ ਫੇਰ ਜਲੰਧਰ ਵਿਚ ਗ਼ਦਰੀ ਬਾਬਿਆਂ ਦੇ ਸਾਲਾਨਾ ਮੇਲਿਆਂ ਸਮੇਂ ਮੈਨੂੰ ਜਾਪਣ ਲੱਗ ਪਿਆ ਕਿ ਗੁਰਸ਼ਰਨ ਸਿੰਘ ਦਾ ਥੀਏਟਰ ਹੁਣ ਉੱਚੀ ਸੁਰ ਵਾਲਾ ਹੁੰਦਾ ਜਾ ਰਿਹਾ ਹੈ। ਦਰਅਸਲ, ਉਨ੍ਹਾਂ ਦੀ ਸੁਰ ਤਾਂ ਉਹੋ ਰਹੀ, ਸਾਨੂੰ ਹੀ ਨੀਂਵੀਂ ਸੁਰ ਸੁਣਨ ਦੀ ਆਦਤ ਪੈ ਰਹੀ ਸੀ। ਪਰ, ਗੁਰਸ਼ਰਨ ਸਿੰਘ ਦਾ ਨਿਸ਼ਾਨਾ ਅਸੀਂ, ਨੀਂਵੀਂ ਸੁਰ ਸੁਣਨ ਦੇ ਆਦੀ ਹੋ ਚੁੱਕੇ ਦਰਸ਼ਕ, ਸਾਂ ਵੀ ਨਹੀਂ। ਉਨ੍ਹਾਂ ਦੇ ਸਾਹਮਣੇ ਇਕ ਮੰਤਵ ਸੀ, ਉਨ੍ਹਾਂ ਕੋਲ ਇਕ ਸੁਨੇਹਾ ਸੀ ਜਿਸ ਨੂੰ ਉਨ੍ਹਾਂ ਨੇ ਪਿੰਡ-ਪਿੰਡ ਪੁਚਾਉਣਾ ਸੀ। ਇਸ ਲਈ, ਉਨ੍ਹਾਂ ਹਮੇਸ਼ਾਂ ਉਹੋ ਸੁਰ ਕਾਇਮ ਰੱਖੀ ਜੋ ਸਧਾਰਨ ਦਰਸ਼ਕ ਤੱਕ ਵੀ ਪਹੁੰਚ ਸਕੇ। ਗੁਰਸ਼ਰਨ ਸਿੰਘ ਦਾ ਅਕੀਦਾ ਆਪਣੇ ਲੋਕ-ਪੱਖੀ ਪਰਚਮ ਨੂੰ ਘਰ-ਘਰ ਵਿਚ ਝੁਲਾਉਣ ਲਈ ਵੱਧ ਤੋਂ ਵੱਧ ਗਿਣਤੀ ਵਿਚ ਦਰਸ਼ਕ ਸਿਰਜਣਾ ਸੀ; ਉਸ ਦਰਸ਼ਕ ਨੂੰ ਘੜਨ, ਉਸ ਨੂੰ ਅੱਗੇ ਖੜਨ, ਉਸ ਦੇ ਸੁਹਜ ਨੂੰ ਤਰਾਸ਼ਣ ਲਈ ਤਾਂ ਗੁਰਸ਼ਰਨ ਸਿੰਘ ਨੇ ਕਈ ਪੈਰੋਕਾਰ ਪੈਦਾ ਕਰ ਹੀ ਲਏ ਹੋਏ ਸਨ।

1999 ਵਿਚ ਮੈਨੂੰ ਅਚਾਨਕ ਗੁਰਸ਼ਰਨ ਸਿੰਘ ਜੀ ਦਾ ਫ਼ੋਨ ਆਇਆ। ਮੇਰੀ ਪਹਿਲੀ ਕਿਤਾਬ 'ਬਾਤ ਇਕ ਬੀਤੇ ਦੀ' ਛਪੀ ਸੀ। ਸੋਵੀਅਤ ਸੰਘ ਦੇ ਨਿਘਾਰ ਬਾਰੇ ਗੱਲ ਕਰਦਿਆਂ ਉਸ ਵਿਚ ਮੈਂ ਸਮੁੱਚੀ ਕਮਿਊਨਿਸਟ ਲਹਿਰ ਵਿਚਲੇ ਨਿਘਾਰ ਦੀ ਵੀ ਗੱਲ ਕੀਤੀ ਸੀ। ਮੈਨੂੰ ਪੱਕਾ ਖਦਸ਼ਾ ਸੀ ਕਿ ਇਹੋ ਜਿਹੇ ਦ੍ਰਿਸ਼ਟੀਕੋਣ ਨੂੰ ਹਵਾ ਦੇਣ ਕਾਰਨ ਮੈਨੂੰ ਰਵਾਇਤੀ ਕਮਿਊਨਿਸਟਾਂ ਵੱਲੋਂ, ਭਾਵੇਂ ਉਹ ਕਿਸੇ ਵੀ ਰੰਗਤ ਵਾਲੇ ਕਿਉਂ ਨਾ ਹੋਣ, ਚੋਖੇ ਛਿੱਤਰ ਪੈਣਗੇ। ਬਿਲਗਾ ਜੀ ਤਾਂ ਮੇਰੀ ਸਤਾਲਿਨ ਵਿਰੋਧੀ ਸੁਰ ਨੂੰ ਪੜ੍ਹ ਕੇ ਏਨੇ ਨਾਰਾਜ਼ ਹੋ ਗਏ ਸਨ ਕਿ ਉਨ੍ਹਾਂ ਨੇ 'ਨਵਾਂ ਜ਼ਮਾਨਾ' ਵਿਚ ਇਸ ਬਾਰੇ ਇਕ ਪੂਰਾ ਜਵਾਬੀ ਲੇਖ

ਲਿਖਿਆ।

"ਮੈਂ ਤੇਰੀ ਕਿਤਾਬ ਪੜ੍ਹੀ ਹੈ...ਮੈਂ ਇਸ ਬਾਰੇ ਗੱਲ ਕਰਨਾ ਚਾਹੁੰਦਾ ਹਾਂ", ਫ਼ੋਨ-ਲਾਈਨ ਦੇ ਪਰਲੇ ਬੰਨੇ ਤੋਂ ਗੁਰਸ਼ਰਨ ਸਿੰਘ ਦੀ ਉਹੋ ਟ੍ਰੇਡ-ਮਾਰਕ ਕੰਬਦੀ-ਲਰਜ਼ਦੀ ਆਵਾਜ਼ ਆ ਰਹੀ ਸੀ ਜੋ ਮੈਨੂੰ ਉਨ੍ਹਾਂ ਅੰਦਰ ਉੱਠੇ ਹੋਏ ਕਿਸੇ ਅਜਿਹੇ ਤੂਫ਼ਾਨ ਦਾ ਸੂਚਕ ਜਾਪੀ ਜਿਸ ਨੇ ਹੁਣ ਮੈਨੂੰ ਝੰਬਣਾ ਸੀ। ਫ਼ੋਨ ਦਾ ਚੋਂਗਾ ਹੱਥ ਵਿਚ ਫੜੀ ਮੈਂ ਆਪਣੇ ਬਚਾਅ ਲਈ ਪੈਂਤੜੇ ਸੋਚ ਹੀ ਰਿਹਾ ਸਾਂ ਕਿ ਉਨ੍ਹਾਂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਕਿਤਾਬ ਮੈਨੂੰ ਬਹੁਤ ਪਸੰਦ ਆਈ ਹੈ, ਅਤੇ ਮੈਂ ਇਸ ਉੱਤੇ ਸੈਮੀਨਾਰ ਕਰਾਉਣਾ ਚਾਹੁੰਦਾ ਹਾਂ। ਤੂੰ ਚੰਡੀਗੜ੍ਹ ਕਦੋਂ ਆ ਸਕਦਾ ਹੈਂ?"

ਮੈਂ ਦੱਸ ਨਹੀਂ ਸਕਦਾ ਕਿ ਮੈਨੂੰ ਕਿੰਨੀ ਹੈਰਾਨੀ ਹੋਈ (ਕਿੰਨੀ ਖ਼ੁਸ਼ੀ ਹੋਈ ਅਤੇ ਕਿੰਨਾ ਮਾਣ ਮਹਿਸੂਸ ਹੋਇਆ, ਇਹ ਬਾਅਦ ਦੀ ਗੱਲ ਹੈ)। ਜਿਸ ਪੁਸਤਕ ਵਿਚ ਮੇਰਾ ਥੀਸਸ ਹੀ ਇਹ ਰਿਹਾ ਹੋਵੇ ਕਿ ਖੱਬੇ-ਪੱਖੀਆਂ ਵੱਲੋਂ ਸੋਵੀਅਤ ਸੰਘ ਦੇ ਟੁੱਟਣ ਨੂੰ ਨਿਰੋਲ ਪੱਛਮ ਦੇ ਸਿਰ ਮੜ੍ਹ ਕੇ ਆਪਣੇ ਆਪ ਨੂੰ ਹਰ ਜ਼ਿੰਮੇਵਾਰੀ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰਨਾ ਵਾਜਬ ਗੱਲ ਨਹੀਂ, ਜਿਸ ਕਿਤਾਬ ਵਿਚ ਮੈਂ ਰਵਾਇਤੀ ਕਮਿਊਨਿਸਟਾਂ ਅੰਦਰ 'ਬ੍ਰਾਹਮਣਵਾਦੀ ਹਉਮੈ' ਹੋਣ ਵਰਗੇ ਕਰੜੇ ਸ਼ਬਦ ਵਰਤੇ ਹੋਣ, ਉਸ ਨੂੰ ਗੁਰਸ਼ਰਨ ਸਿੰਘ ਜੀ ਦੀ ਉਮਰ ਅਤੇ ਪਿਛੋਕੜ ਵਾਲਾ ਆਦਮੀ ਸਵੀਕਾਰ ਸਕੇਗਾ, ਮੈਂ ਸੋਚ ਵੀ ਨਹੀਂ ਸੀ ਸਕਦਾ, ਉਸ ਕਿਤਾਬ ਦਾ ਚੰਗੇ ਲੱਗਣਾ ਜਾਂ ਉਸ ਉੱਤੇ ਸੈਮੀਨਾਰ ਕਰਾਉਣਾ ਤਾਂ ਕਿਤੇ ਰਿਹਾ।

ਉਹ ਸੈਮੀਨਾਰ ਹੋਇਆ (ਅੱਜ ਤੱਕ ਮੇਰੀ ਕਿਸੇ ਵੀ ਰਚਨਾ ਉੱਤੇ ਹੋਇਆ ਇਕ-ਮਾਤਰ ਸੈਮੀਨਾਰ), ਅਤੇ ਨਾ ਸਿਰਫ਼ ਗੁਰਸ਼ਰਨ ਸਿੰਘ ਜੀ ਨੇ ਚੰਡੀਗੜ੍ਹ ਦੇ ਬਹੁਤ ਸਾਰੇ ਸੁਘੜ ਵਿਦਵਾਨ ਇਕੱਤਰ ਕੀਤੇ (ਮੈਨੂੰ ਕੋਈ ਵਹਿਮ ਨਹੀਂ ਕਿ ਉਹ ਮੇਰੀ ਕਿਤਾਬ ਦੇ ਖਿੱਚੇ ਆਏ ਸਨ, ਉਹ ਤਾਂ ਗੁਰਸ਼ਰਨ ਸਿੰਘ ਦੇ ਸੱਦੇ ਆਏ ਸਨ), ਬਲਕਿ ਮੇਰੀ ਕਿਤਾਬ ਦੀ ਭਰਪੂਰ ਪ੍ਰਸ਼ੰਸਾ ਵੀ ਕੀਤੀ। ਮੈਨੂੰ ਏਥੋਂ ਤੱਕ ਕਿਹਾ ਕਿ ਜੇ ਮੈਂ ਆਪਣੇ ਪਬਲਿਸ਼ਰ ਕੋਲੋਂ ਇਜਾਜ਼ਤ ਲੈ ਦੇਵਾਂ ਤਾਂ ਉਹ ਇਸ ਨੂੰ ਸਸਤੇ ਭਾਅ ਛਾਪ ਕੇ ਘਰ-ਘਰ ਪੁਚਾਉਣਾ ਚਾਹੁਣਗੇ। ਮੇਰੇ ਲਈ ਏਦੂੰ ਵੱਡਾ ਤਮਗਾ ਹੋਰ ਕੀ ਹੋ ਸਕਦਾ ਸੀ?

ਗੁਰਸ਼ਰਨ ਸਿੰਘ ਜੀ ਨਾਲ ਮੇਰੀ ਅਗਲੀ ਲੰਮੀ ਅਤੇ ਨਿੱਠਵੀਂ ਮੁਲਾਕਾਤ 2007 ਵਿਚ ਹੋਈ। 'ਨਵਾਂ ਜ਼ਮਾਨਾ' ਦੇ ਸਾਲਾਨਾ ਸਾਹਿਤਕ ਕੈਲੰਡਰ ਰਾਹੀਂ ਗੁਰਸ਼ਰਨ ਸਿੰਘ ਦਾ ਸਨਮਾਨ ਕਰਨ ਦਾ ਫੈਸਲਾ ਹੋਇਆ ਅਤੇ ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਨਵੰਬਰ ਵਿਚ ਉਨ੍ਹਾਂ ਹਮੇਸ਼ਾਂ ਵਾਂਗ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਹਿੱਸਾ ਲੈਣ ਲਈ ਜਲੰਧਰ ਆਉਣਾ ਸੀ ਅਤੇ ਉਨ੍ਹਾਂ ਨੇ ਮੈਨੂੰ ਮੁਲਾਕਾਤ ਵੀ ਉਸੇ ਸਮੇਂ ਕਰ ਲੈਣ ਦਾ ਸੁਝਾਅ ਦਿੱਤਾ। ਮਾੜੀ ਸਿਹਤ ਅਤੇ ਪਹੀਆ-ਕੁਰਸੀ ਦੀ ਮੁਹਤਾਜੀ ਦੇ ਬਾਵਜੂਦ ਉਨ੍ਹਾਂ ਦੇ ਉਤਸ਼ਾਹ ਵਿਚ ਰੱਤੀ ਭਰ ਫ਼ਰਕ ਨਹੀਂ ਸੀ ਪਿਆ। ਜਦੋਂ ਮੈਂ ਬਾਅਦ ਦੁਪਹਿਰ ਦੇਸ਼ ਭਗਤ ਹਾਲ ਪਹੁੰਚਿਆ ਤਾਂ ਉਹ ਉਸ ਸ਼ਾਮ ਖੇਡੇ ਜਾਣ ਵਾਲੇ ਆਪਣੇ ਨਾਟਕ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ। ਸਾਰਾ ਕੁਝ ਆਪਣੀ ਤਸੱਲੀ ਮੁਤਾਬਕ ਨਿਪਟਾ ਕੇ, ਸਾਰਿਆਂ ਨੂੰ ਸਪਸ਼ਟ ਹਦਾਇਤਾਂ ਦੇ ਕੇ ਉਹ ਮੇਰੇ ਨਾਲ ਉਸ ਕਮਰੇ ਵਿਚ ਆ ਗਏ ਜਿਹੜਾ ਉਸ ਸਮੇਂ ਬਾਬਾ ਬਿਲਗਾ ਜੀ ਵਾਲਾ ਕਮਰਾ ਅਖਵਾਉਂਦਾ ਸੀ। ਇਸ ਲੰਮੀ ਮੁਲਾਕਾਤ ਸਮੇਂ

ਉਨ੍ਹਾਂ ਨੇ ਮੇਰੇ ਹਰ ਸਵਾਲ ਦਾ ਜਵਾਬ ਬਿਨਾਂ ਕਿਸੇ ਲੱਗ-ਲਬੇੜ ਦੇ, ਦਿੱਤਾ। ਰਾਜਨੀਤਕ ਵਿਚਾਰਧਾਰਾ ਨਾਲ ਬੱਝੇ ਹੋਏ ਅਤੇ ਸਿਆਸੀ ਤੌਰ 'ਤੇ ਸਰਗਰਮ ਵਿਰਲੇ ਲੋਕ ਹੀ ਪ੍ਰਕਾਸ਼ਤ ਹੋਣ ਵਾਲੀ ਕਿਸੇ ਮੁਲਾਕਾਤ ਸਮੇਂ ਏਨੇ ਬੇਬਾਕ ਅਤੇ ਬੇਲਿਹਾਜ਼ ਹੋ ਕੇ ਗੱਲ ਕਰਦੇ ਲੱਭਦੇ ਹਨ। ਚੰਡੀਗੜ੍ਹ ਤੋਂ ਜਲੰਧਰ ਦੇ ਸਫ਼ਰ, ਆਣ ਕੇ ਇਕਦਮ ਸਟੇਜ ਨਿਰਦੇਸ਼ਨਾ ਵਿਚ ਜੁੱਟ ਜਾਣ ਅਤੇ ਮੌਸਮ ਵਿਚਲੇ ਹੁੱਸੜ ਦੀ ਰਲਵੀਂ ਥਕਾਵਟ ਦੇ ਬਾਵਜੂਦ ਨਾ ਤਾਂ ਉਨ੍ਹਾਂ ਦੀ ਟ੍ਰੇਡ ਮਾਰਕ ਆਵਾਜ਼ ਵਿਚਲਾ ਜੋਸ਼ ਮੱਠਾ ਪਿਆ ਜਾਪਿਆ, ਨਾ ਹੀ ਉਨ੍ਹਾਂ ਦਾ ਮਾਨਸਿਕ ਰੌਂਅ ਮੈਨੂੰ ਕਿਤੇ ਵੀ ਥਿੜਕਦਾ ਲੱਗਾ। ਹਾਂ, ਇਕ ਵੇਲੇ ਇਸ ਵਾਰਤਾਲਾਪ ਦੇ ਚੱਲਦਿਆਂ, ਮੇਰੇ ਹੀ ਇਸਰਾਰ ਕਰਨ ਉੱਤੇ ਉਹ ਲੇਟੇ-ਲੇਟੇ ਹੀ ਗੱਲਬਾਤ ਕਰਨ ਦੇ ਮੇਰੇ ਸੁਝਾਅ ਨੂੰ ਮੰਨ ਗਏ। ਪਰ ਹਮੇਸ਼ਾਂ ਸਰਗਰਮ ਰਹਿਣ ਵਾਲੇ ਮਨਾਂ ਨੂੰ ਨਿੱਸਲ ਹੋ ਕੇ ਬੈਠਿਆਂ ਆਰਾਮ ਥੋੜ੍ਹੀ ਹੀ ਮਿਲਦਾ ਹੈ; ਮੇਰੇ ਕਿਸੇ ਅਗਲੇ ਸਵਾਲ ਦਾ ਜਵਾਬ ਦੇਂਦਿਆਂ ਆਪਮੁਹਾਰੇ ਹੀ ਮੁੜ ਉੱਠ ਕੇ ਬਹਿ ਗਏ। ਸ਼ਾਮ ਦੇ ਸ਼ਾਇਦ ਸੱਤ ਕੁ ਵਜੇ, ਜਾਂ ਏਦੂੰ ਵੀ ਬਾਅਦ, ਮੁਲਾਕਾਤ ਨੂੰ ਟੇਪਬੰਦ ਕਰਕੇ ਮੈਂ ਉਨ੍ਹਾਂ ਕੋਲੋਂ ਇਜਾਜ਼ਤ ਲਈ। ਮੈਂ ਰਾਤ ਦੇ ਨਾਟਕਾਂ ਦੇ ਮੰਚਨ ਤੋਂ ਪਹਿਲਾਂ ਇਕ ਚੱਕਰ ਘਰ ਦਾ ਮਾਰਨਾ ਸੀ, ਅਤੇ ਚਾਹੁੰਦਾ ਸਾਂ ਕਿ ਉਹ ਆਪ ਵੀ ਅਗਲੀ ਸਰਗਰਮੀ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਚਿਰ ਆਰਾਮ ਕਰ ਲੈਣ।

ਦੋ ਕੁ ਘੰਟੇ ਬਾਅਦ ਮੈਂ ਮੇਲੇ 'ਤੇ ਵਾਪਸ ਆਇਆ। ਖਚਾਖਚ ਭਰ ਚੁੱਕੇ ਪੰਡਾਲ ਵਿਚ ਸੱਭਿਆਚਾਰਕ ਪ੍ਰੋਗਰਾਮ ਚੱਲ ਰਿਹਾ ਸੀ, ਗੁਰਸ਼ਰਨ ਸਿੰਘ ਜੀ ਮੋਹਰਲੀਆਂ ਕਤਾਰਾਂ ਵਿਚ ਬੈਠੇ ਵਾਚਦੇ ਦਿੱਸੇ। ਕੁਝ ਚਿਰ ਪੰਡਾਲ ਵਿਚ ਬਿਤਾ ਕੇ ਮੈਂ ਬਾਹਰ ਲਾਅਨ ਵਿਚ ਆ ਗਿਆ; ਕਿਤਾਬਾਂ ਦੇ ਸਟਾਲਾਂ ਦਾ ਜਾਇਜ਼ਾ ਲੈਣ, ਹੋਰਨਾਂ ਨਾਲ ਗੱਪ-ਸ਼ੱਪ ਕਰਨ। ਘੰਟੇ ਕੁ ਬਾਅਦ ਪੰਡਾਲ ਵਿਚ ਮੁੜਿਆ ਤਾਂ ਗੁਰਸ਼ਰਨ ਸਿੰਘ ਜੀ ਉਸੇ ਥਾਂ 'ਤੇ ਬੈਠੇ ਦਿੱਸੇ। ਉਸ ਸਮੇਂ ਚੱਲ ਰਹੇ ਨਾਟਕ ਨੂੰ ਦੇਖਦੇ ਹੋਏ। ਇਹ ਨਾਟਕ ਦੇਖ ਕੇ ਅਗਲੀ ਕੋਰੀਓਗ੍ਰਾਫ਼ੀ ਸਮੇਂ ਮੈਂ ਮੁੜ ਬਾਹਰ ਆ ਗਿਆ; ਸ਼ਾਇਦ ਕੁਝ ਮਿੱਤਰਾਂ ਨਾਲ ਚਾਹ ਪੀਣ ਤੁਰ ਪਿਆ। ਘੰਟਾ-ਡੇਢ ਹੋਰ ਲੰਘ ਗਿਆ, ਪੰਡਾਲ ਵਿਚ ਮੁੜਿਆ ਤਾਂ ਗੁਰਸ਼ਰਨ ਸਿੰਘ ਜੀ ਆਪਣੀ ਉਸੇ ਥਾਂ 'ਤੇ ਬੈਠੇ ਹੋਏ ਸਨ, ਮੰਚ ਉੱਤੇ ਚੱਲ ਰਹੇ ਨਾਟਕ ਨੂੰ ਪੂਰੇ ਗਹੁ ਨਾਲ ਵਾਚਦੇ ਹੋਏ। ਰਾਤ ਅੱਧੀ ਤੋਂ ਵੱਧ ਲੰਘ ਚੁੱਕੀ ਸੀ, ਭਾਵੇਂ ਮੈਂ ਪਿਛਲੇ ਚਾਰ ਘੰਟੇ ਮਟਰਗਸ਼ਤੀ ਅਤੇ ਮੇਲੇ-ਗੇਲੇ ਵਿਚ ਵੱਧ ਲੰਘਾਏ ਸਨ ਅਤੇ ਪੰਡਾਲ ਵਿਚ ਘੱਟ, ਤਾਂ ਵੀ ਮੈਨੂੰ ਅਕੇਵਾਂ ਅਤੇ ਥਕਾਵਟ ਦੋਵੇਂ ਮਹਿਸੂਸ ਹੋ ਰਹੇ ਸਨ। ਗੁਰਸ਼ਰਨ ਸਿੰਘ ਜੀ ਨੂੰ ਦੇਖ ਕੇ ਮਨ ਵਿਚ ਇਹ ਸਵਾਲ ਉਭਰਿਆ ਕਿ ਉਹ ਕਿਹੜੀ ਲਗਨ ਹੈ ਜਿਹੜੀ ਸਰੀਰਕ ਕਮਜ਼ੋਰੀ ਅਤੇ ਦਿਨ ਭਰ ਦੇ ਥਕੇਵੇਂ ਦੇ ਬਾਵਜੂਦ ਉਨ੍ਹਾਂ ਨੂੰ ਪੰਡਾਲ ਵਿਚੋਂ ਉੱਠਣ ਨਹੀਂ ਦੇ ਰਹੀ? ਰੋਜ਼ ਨਾਟਕਾਂ ਅਤੇ ਨਾਟਕਕਾਰਾਂ ਵਿਚ ਵਿਚਰਨ ਵਾਲੇ ਇਸ ਸ਼ਖ਼ਸ ਨੂੰ ਏਥੇ ਨਵਾਂ ਕੀ ਲੱਭ ਰਿਹਾ ਹੋ ਸਕਦਾ ਹੈ ਜੋ ਉਹ ਹਰ ਤਕਲੀਫ਼ ਤੋਂ ਬੇਖ਼ਬਰ ਘੰਟਿਆਂ ਬੱਧੀ ਇਵੇਂ ਬੈਠੇ ਰਹਿ ਸਕਦੇ ਹਨ? ਵਰਨਾ ਸਾਡੇ ਵਰਗੇ ਘੰਟਾਲ, ਸਰਬ ਜਾਣੀ-ਜਾਣ ਤਾਂ ਘੰਟਾ ਵੀ ਕਿਤੇ ਟਿਕ ਕੇ ਨਹੀਂ ਬਹਿ ਸਕਦੇ: ਕਦੇ ਚਾਹ ਪੀਣ ਤੁਰ ਪੈਂਦੇ ਹਨ, ਕਦੇ ਬੀਅਰ ਦਾ ਘੁੱਟ ਲਾਉਣ। ਹੋਰ ਨਹੀਂ ਤਾਂ ਕਿਸੇ ਨੇੜਲੇ ਢਾਬੇ ਵਿਚ ਰੋਟੀਆਂ ਤੋੜਨ ਅਤੇ ਬੌਧਿਕ ਚੁਗਲੀਆਂ ਕਰਨ। ਪਰ ਆਮ ਲੋਕਾਂ ਦੇ ਹੱਕ ਦੀ ਗੱਲ ਕਰਨ ਵਾਲਾ, ਹਮੇਸ਼ਾਂ ਉਨ੍ਹਾਂ ਵਿਚ ਵਿਚਰਨ ਵਾਲਾ ਇਹ ਸ਼ਖ਼ਸ

ਤਾਂ ਓਥੇ ਹੀ ਬਹਿਣਾ ਚਾਹੁੰਦਾ ਸੀ — ਵੱਧ ਤੋਂ ਵੱਧ ਸਮਾਂ-ਜਿੱਥੇ ਆਮ ਲੋਕ ਬੈਠੇ ਹੋਏ ਸਨ। ਪੰਜਾਬੀ ਰੰਗਮੰਚ ਦਾ ਬਾਬਾ ਬੋਹੜ ਵੀ ਮੰਚ ਤੋਂ ਹੋ ਰਹੀਆਂ ਪੇਸ਼ਕਾਰੀਆਂ ਵਿਚ ਓਨਾ ਹੀ ਮਗਨ ਸੀ, ਜਿੰਨਾ ਪਹਿਲੀ ਵਾਰ ਨਾਟਕ ਦੇਖਣ ਆਇਆ ਕੋਈ ਪੇਂਡੂ ਦਰਸ਼ਕ। ਉਹ ਲੋਕਾਂ ਵਿਚ ਰਲ ਗਿਆ ਹੋਇਆ ਸੀ; ਲੋਕਾਂ ਨੂੰ ਬੌਧਿਕਤਾ ਦੀ ਬਾਲਕੋਨੀ ਵਿਚ ਖੜ੍ਹੋ ਕੇ ਦੂਰੋਂ ਨਹੀਂ ਸੀ ਦੇਖ ਰਿਹਾ।

ਇਕ ਰੁੱਤ ਜੀਣ ਦੀ ਹੁੰਦੀ ਹੈ, ਇਕ ਜਾਣ ਦੀ। ਇਹ ਰੁੱਤ ਗੁਰਸ਼ਰਨ ਚਾਚਾ ਜੀ ਦੇ ਜਾਣ ਦੀ ਸੀ। ਆਪਣੀ ਜੀਣ ਦੀ ਰੁੱਤ ਨੂੰ ਉਨ੍ਹਾਂ ਨੇ ਭਰਪੂਰ ਹੰਢਾਇਆ; ਅਣਗਿਣਤ ਲੋਕਾਂ ਨੂੰ — ਜਿਨ੍ਹਾਂ ਵਿਚ ਰੰਗਕਰਮੀ ਹੀ ਨਹੀਂ ਸਧਾਰਨ ਲੋਕ ਵੀ ਸ਼ਾਮਲ ਹਨ — ਜੀਣ ਦੀ ਜਾਚ ਦੱਸੀ, ਜੀਣ ਦਾ ਮਕਸਦ ਸਿਖਾਇਆ। ਆਪਣੀ ਜੀਣ ਰੁੱਤ ਨੂੰ ਏਨੇ ਸਾਰਥਕ ਢੰਗ ਨਾਲ ਮੁਕੰਮਲ ਕਰਕੇ ਜਾਣ ਵਾਲੇ ਗੁਰਸ਼ਰਨ ਸਿੰਘ ਦੇ ਜਾਣ ਦਾ ਵਿਗੋਚਾ ਨਹੀਂ। ਵਿਗੋਚਾ ਇਸ ਗੱਲ ਦਾ ਹੈ ਕਿ ਪੰਜਾਬ ਵਿਚੋਂ ਦਿਓ-ਕੱਦ ਸ਼ਖ਼ਸੀਅਤਾਂ ਵਾਲੀ ਪੀੜ੍ਹੀ ਹੁਣ ਤਕਰੀਬਨ ਮੁੱਕਦੀ ਜਾਂਦੀ ਹੈ, ਗੁਰਸ਼ਰਨ ਸਿੰਘ ਜੀ ਜਿਸ ਦੇ ਆਖਰੀ ਥੰਮ੍ਹਾਂ ਵਿਚੋਂ ਸਨ।